بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 02.04.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰ ਦੇ ਸਹਾਬੀ ਖ਼ਲੀਫ਼ਾਏ ਰਾਸ਼ਿਦ ਜ਼ੁਨੂੱਰੈਨ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 2 ਅਪ੍ਰੈਲ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ

أَشۡهَدُ أَنۡ لَا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بعد فاعوذ بالله من الشيطٰن الرجيم۔
بِسۡمِ اللّٰہِ الرَّحۡمٰنِ الرَّحِیۡمِ ۔ اَلۡحَمۡدُ لِلّٰہِ رَبِّ الۡعٰلَمِیۡنَ ۔ الرَّحۡمٰنِ الرَّحِیۡمِ ۔ مٰلِكِ یَوۡمِ الدِّیۡنِ ۔ اِیَّاكَ نَعۡبُدُ وَاِیَّاكَ نَسۡتَعِیۡنُ ۔ اِہۡدِنَا الصِّرَاطَ الۡمُسۡتَقِیۡمَ ۔ صِرَاطَ الَّذِیۡنَ اَنۡعَمۡتَ عَلَیۡہِمۡ غَیۡرِ الۡمَغۡضُوۡبِ عَلَیۡہِمۡ وَلَا الضَّآلِّیۡنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਖ਼ੁਤਬੇ ਤੋਂ ਪਹਿਲਾਂ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦਾ ਜ਼ਿਕਰ ਚਲ ਰਿਹਾ ਸੀ, ਅੱਜ ਵੀ ਉਹਨਾ ਬਾਰੇ ਜ਼ਿਕਰ ਕਰਾਂਗਾ । ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਵਿੱਚ ਹਯਾ ਤੇ ਮਿਹਰ ਬਹੁਤ ਅਧਿਕ ਸੀ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਮੇਰੀ ਉਮੱਤ ਵਿੱਚ ਸਭ ਤੋਂ ਵੱਧ ਰਹਿਮ ਕਰਨ ਵਾਲੇ ਅਬੂਬਕਰ ਰਜ਼ੀ ਅਲੱਾਹੁ ਅਨਹੁ, ਧਰਮ ਵਿੱਚ ਸਭ ਤੋਂ ਮਜ਼ਬੂਤ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ, ਸਭ ਤੋਂ ਵੱਧ ਹਯਾ ਵਾਲੇ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ, ਉਮਦਾ ਫ਼ੈਸਲੇ ਕਰਨ ਵਾਲੇ ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ, ਕੁਰਆਨ ਕਰੀਮ ਜਾਨਣ ਵਾਲੇ ਅਬੀ ਬਿਨ ਕਾਅਬ ਰਜ਼ੀ ਅਲੱਾਹੁ ਅਨਹੁ, ਹਲਾਲ ਤੇ ਹਰਾਮ ਨੂੰ ਜਾਨਣ ਵਾਲੇ ਮਆਜ਼ ਬਿਨ ਜਬਲ ਰਜ਼ੀ ਅਲੱਾਹ ਅਨਹੁ ਅਤੇ ਫ਼ਰਜ਼ਾਂ (ਕਰਤਵਾਂ) ਦਾ ਗਿਆਨ ਰਖੱਣ ਵਾਲੇ ਜ਼ੈਦ ਬਿਨ ਸਾਬਤ ਹਨ । ਫਿਰ ਫ਼ਰਮਾਇਆ, ਸੁਣੋ ! ਹਰ ਉਮੱਤ ਲਈ ਇਕ ਅਮੀਨ ਹੁੰਦਾ ਹੈ ਅਤੇ ਇਸ ਉਮੱਤ ਦੇ ਅਮੀਨ ਅਬੂ ਉਬੈਦਾਹ ਬਿਨ ਜਰਾਹ ਰਜ਼ੀ ਅਲੱਾਹੁ ਅਨਹੁ ਹਨ ।

ਹਜ਼ਰਤ ਉਸਾਮਨ ਰਜ਼ੀ ਅਲੱਾਹੁ ਅਨਹੁ ਬਿਆਨ ਕਰਦੇ ਹਨ ਕਿ ਮੈਂ ਦੱਸ ਚੀਜ਼ਾਂ ਆਪਣੇ ਰੱਬ ਕੋਲ ਲੁਕਾ ਰੱਖੀਆਂ ਹੋਈਆਂ ਹਨ । ਮੈਂ ਸਭ ਤੋਂ ਪਹਿਲਾਂ ਇਸਲਾਮ ਲਿਆਉਣ ਵਾਲਿਆਂ ਵਿੱਚੋਂ ਚੌਥਾ ਵਿਕਅਤੀ ਹਾਂ । ਮੈਂ ਨ ਹੀ ਕਦੇ ਵਿਅਰਥ ਤੇ ਲਚੱਰ ਗੀਤ ਨਹੀਂ ਸੁਣੇ ਅਤੇ ਨ ਹੀ ਕਦੇ ਝੂਠੀ ਗੱਲ ਆਖੀ ਹੈ ਅਤੇ ਜੱਦ ਤੋਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਬੈਅਤ ਕੀਤੀ ਹੈ ਉਦੋਂ ਤੋਂ ਮੈਂ ਆਪਣੇ ਗੁਪਤਾਂਗ ਨੂੰ ਆਪਣੇ ਸੱਜੇ ਹੱਥ ਨਾਲ ਨਹੀਂ ਛੂਹਿਆ ਅਤੇ ਇਸਲਾਮ ਕੁਬੂਲ ਕਰਨ ਦੇ ਬਾਦ ਮੇਰੇ'ਤੇ ਕੋਈ ਜੁਮਆ ਅਜਿਹਾ ਨਹੀਂ ਲੰਘਿਆ ਜਿਸ ਵਿੱਚ ਮੈਂ ਕੋਈ ਗਰਦਨ (ਗ਼ੁਲਾਮ) ਅਜ਼ਾਦ ਨ ਕੀਤਾ ਹੋਵੇ ਸਿਵਾਏ ਉਸ ਜੁਮਏ ਦੇ ਜਿਸ ਜੁਮਏ ਮੇਰੇ ਕੋਲ ਅਜ਼ਾਦ ਕਰਨ ਲਈ ਕੋਈ ਗ਼ੁਲਾਮ ਨ ਹੋਵੇ । ਅਜਿਹੀ ਅਵਸਥਾ ਵਿੱਚ ਮੈਂ ਜੁਮਏ ਤੋਂ ਬਿਨਾ ਹੋਰਨਾ ਦਿਨਾਂ ਵਿੱਚ ਗ਼ੁਲਾਮ ਅਜ਼ਾਦ ਕਰ ਦਿੰਦਾ ਸੀ ਅਤੇ ਮੈਂ ਨ ਹੀ ਜਹਾਲਤ ਦੇ ਕਾਲ ਵਿੱਚ ਜ਼ਿਨਾ (ਵਿਭਚਾਰ) ਕੀਤਾ ਅਤੇ ਨ ਹੀ ਇਸਲਾਮ ਵਿੱਚ ।

ਹਜ਼ਰਤ ਅਬਦੁਲੱਾਹ ਬਿਨ ਮਸਊਦ ਰਜ਼ੀ ਅਲੱਾਹੁ ਅਨਹੁ ਬਿਆਨ ਕਰਦੇ ਹਨ ਕਿ ਅਸੀਂ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਨਾਲ ਇਕ ਜੰਗ ਵਿੱਚ ਸਨ ਕਿ ਲੋਕਾਂ ਨੂੰ ਭੁੱਖ ਦਾ ਕਸ਼ਟ ਅਨੁਭਵ ਹੋਇਆ । ਜੱਦ ਰਸੂਲੇ ਕਰੀਮ

ਸਲਲੱਾਹੁ ਅਲੈਹਿ ਵਸਲੱਮ ਨੇ ਇਹ ਅਵਸਥਾ ਦੇਖੀ ਤਾਂ ਆਪ ਨੇ ਫ਼ਰਮਾਇਆ ਰੱਬ ਦੀ ਸਹੁੰ ਸੂਰਜ ਨਹੀਂ ਡੁੱਬੇਗਾ ਕਿ ਰੱਬ ਤੁਹਾਡੇ ਲਈ ਰਿਜ਼ਕ ਦਾ ਸਾਧਨ ਕਰ ਦੇਵੇਗਾ । ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੂੰ ਇਸ ਗੱਲ ਦੀ ਖ਼ਬਰ ਪਹੁੰਚੀ ਤਾਂ ਆਪ ਨੇ ਫ਼ਰਮਾਇਆ ਕਿ ਅਲੱਾਹ ਅਤੇ ਉਸਦਾ ਰਸੂਲ ਬਿਲਕੁਲ ਸੱਚ ਕਹਿੰਦੇ ਹਨ । ਸੋ, ਆਪ ਨੇ ਚੋਦਾਂ ਊਠ ਗੱਲੇ (ਅਨਾਜ) ਸਹਿਤ ਖ਼ਰੀਦੇ ਅਤੇ ਉਹਨਾਂ ਵਿੱਚੋਂ ਨੌ (9) ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਭੇਜ ਦਿੱਤੇ। ਇਸ'ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਆਪਣੇ ਦੋਵੇਂ ਹੱਥ ਉਪੱਰ ਨੂੰ ਉਠਾਏ, ਇੱਥੋਂ ਤੱਕ ਕਿ ਆਪ ਦੀਆਂ ਕਛਾਂ ਦਿਖਾਈ ਦੇ ਗਈਆਂ ਅਤੇ ਆਪ ਨੇ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਲਈ ਦੁਆ ਕੀਤੀ । ਮੈਂ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੂੰ ਕਿਸੇ ਹੋਰ ਦੇ ਹੱਕ ਵਿੱਚ ਇਸ ਪ੍ਰਕਾਰ ਦੁਆ ਕਰਦਿਆਂ ਹੋਇਆਂ ਪਹਿਲਾਂ ਕਦੇ ਨਹੀਂ ਸੁਣਿਆ ਅਤੇ ਨ ਹੀ ਬਾਦ ਵਿੱਚ ਅਤੇ ਉਹ ਦੁਆ ਇਹ ਸੀ । اَللّٰهُمَّ اٰتِ عُثْمَانَ اَللّٰهُمَّ اِفْعَلْ بِعُثْمَانَ । ਅਰਥ : ਹੇ, ਅਲੱਾਹ ਉਸਮਾਨ ਨੂੰ ਬਹੁਤ ਪ੍ਰਦਾਨ ਕਰ, ਹੇ ਅਲੱਾਹ, ਉਸਮਾਨ'ਤੇ ਆਪਣੀ ਮਿਹਰ ਕਰ ।

ਹਜ਼ਰਤ ਆਇਸ਼ਾ ਰਜ਼ੀ ਅਲੱਾਹੁ ਅਨਹਾ ਬਿਆਨ ਕਰਦੀ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਮੇਰੇ ਕੋਲ ਆਏ ਤਾਂ ਆਪਨੇ ਮਾਸ ਦੇਖਕੇ ਫ਼ਰਮਾਇਆ ਇਹ ਕਿਸਨੇ ਭੇਜਿਆ ਹੈ ਮੈਂ ਅਰਜ਼ ਕੀਤੀ ਹਜ਼ਰਤ ਉਸਮਾਨ ਨੇ । ਆਪ ਕਹਿੰਦੀ ਹਨ ਕਿ ਇਸ'ਤੇ ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੂੰ ਆਪਣੇ ਹੱਥ ਉਠਾਕੇ ਉਸਮਾਨ ਲਈ ਦੁਆ ਕਰਦਿਆਂ ਹੋਇਆਂ ਦੇਖਿਆ ।

ਇਬਨੇ ਸਈਦ ਬਿਨ ਯਰਬੂਅ ਕਹਿੰਦੇ ਹਨ ਕਿ ਮੈਂ ਬਚੱਾ ਸੀ ਅਤੇ ਮਸਜਿਦ ਵਿੱਚ ਖੇਡ ਰਿਹਾ ਸੀ ਜੱਦ ਕਿ ਇਕ ਸੁੰਦਰ ਬਜ਼ੁਰਗ ਸਿਰ ਹੇਠ ਇੱਟ ਟੋਟਾ ਰਖੱਕੇ ਲੇਟੇ ਹੋਏ ਸਨ । ਮੈਂ ਉਹਨਾ ਨੂੰ ਹੈਰਾਨੀ ਨਾਲ ਦੇਖਣ ਲਗੱਾ ਤਾਂ ਉਹਨਾਂ ਨੇ ਅਖੱਾਂ ਖੋਲਕੇ ਮੈਨੂੰ ਪੁੱਛਿਆ ਕਿ ਤੁਸੀਂ ਕੌਣ ਹੋ । ਫਿਰ ਉਹਨਾ ਨੇ ਇਕ ਲੜਕੇ ਨੂੰ ਹੁਕਮ ਦੇਕੇ ਇਕ ਪੁਸ਼ਾਕ ਤੇ ਇਕ ਹਜ਼ਾਰ ਦਿਰਹਮ ਮੰਗਵਾਏ ਅਤੇ ਮੈਨੂੰ ਦਿੱਤੇ । ਜੱਦ ਮੈਂ ਆਪਣੇ ਪਿਤਾ ਕੋਲ ਪਹੁੰਚਿਆ ਤਾਂ ਉਹਨਾ ਨੇ ਮੈਨੂੰ ਦੱਸਿਆ ਕਿ ਉਹ ਅਮੀਰੁਲ ਮੋਮਿਨੀਨ ਉਸਮਾਨ ਬਿਨ ਅਫ਼ਾਨ ਰਜ਼ੀ ਅਲੱਾਹੁ ਅਨਹੁ ਹਨ ।

ਇਬਨੇ ਜਰੀਰ ਰਿਵਾਇਤ ਕਰਦੇ ਹਨ ਕਿ ਹਜ਼ਰਤ ਤਲਹਾ ਰਜ਼ੀ ਅਲੱਾਹੁ ਅਨਹੁ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੂੰ ਉਸ ਸਮੇਂ ਮਿਲੇ ਜੱਦ ਆਪ ਮਸਜਿਦ ਜਾ ਰਹੇ ਸਨ । ਹਜ਼ਰਤ ਤਲਹਾ ਰਜ਼ੀ ਅਲੱਾਹੁ ਅਨਹੁ ਨੇ ਕਿਹਾ ਆਪਦੇ ਪੰਜਾਹ ਹਜ਼ਾਰ ਦਿਰਹਮ ਜੋ ਮੇਰੇ ਜ਼ਿੰਮੇ ਸਨ ਉਹ ਹੁਣ ਉਪਲਬਦ ਹੋ ਗਏ ਹਨ ਆਪ ਇਹ ਵੁਸੂਲ ਕਰਨ ਲਈ ਕਿਸੇ ਨੂੰ ਮੇਰੀ ਵੱਲ ਭੇਜ ਦੇਣ । ਇਸ'ਤੇ ਹਜ਼ਰਤ ਉਸਮਾਨ ਨੇ ਇਹਨਾ ਨੂੰ ਫ਼ਰਮਾਇਆ ਕਿ ਆਪਦੇ ਪ੍ਰੇਮ ਦੇ ਸਬਬ ਅਸੀਂ ਉਹ ਆਪ ਨੂੰ ਤੁਹਫ਼ੇ ਵੱਜੋਂ ਦੇ ਦਿੱਤੇ, ਉਹ ਨਹੀਂ ਲੈਂਣੇ ।

ਆਪ ਨੂੰ ਵਹੀ ਲਿਖੱਣ ਦਾ ਵੀ ਮੌਕਾ ਮਿਲਿਆ । ਹਜ਼ਰਤ ਆਇਸ਼ਾ ਰਜ਼ੀ ਅਲੱਾਹੁ ਅਨਹਾ ਤੋਂ ਰਿਵਾਇਤ ਹੈ ਕਿ ਮੈਂ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੂੰ ਰਸੂਲੁਲੱਹ ਸਲਲੱਾਹੁ ਅਲੈਹਿ ਵਸਲੱਮ ਦੇ ਨਾਲ ਇਸ ਘਰ ਵਿੱਚ ਇਕ ਭਖੱਦੀ ਰਾਤ ਵਿੱਚ ਦੇਖਿਆ ਜਦਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ'ਤੇ ਜਿਬਰੀਲ ਵਹੀ ਨਾਜ਼ਿਲ ਕਰ ਰਹੇ ਸਨ । ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਸਾਹਮਣੇ ਬੈਠੇ ਲਿਖੱਦੇ ਜਾ ਰਹੇ ਸਨ ਅਤੇ ਆਪ ਫ਼ਰਮਾ ਰਹੇ ਸਨ ਕਿ ਹੇ ਉਸਮਾਨ ਲਿੱਖ । ਹਜ਼ਰਤ ਆਇਸ਼ਾ ਰਜ਼ੀ ਅਲੱਾਹੁ ਅਨਹਾ ਬਿਆਨ ਕਰਦੀ ਹਨ ਕਿ ਅਲੱਾਹ ਤਆਲਾ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਅਜਿਹੀ ਨੇੜਤਾ ਕਿਸੇ ਅਤਿਅੰਤ ਸਨਮਾਨ ਯੋਗ ਵਿਅਕਤੀ ਨੂੰ ਹੀ ਪ੍ਰਦਾਨ ਕਰਦਾ ਹੈ ।

ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਜ਼ਮਾਨੇ ਵਿੱਚ ਕੁਰਆਨ ਕਰੀਮ ਦੇ ਲਿਖੱਤੀ ਨੁਸਖ਼ੇ ਇਕੱਠੇ ਕੀਤੇ ਗਏ ਜੋ ਅਹਿਦੇ ਫ਼ਾਰੂਕੀ (ਹਜ਼ਰਤ ਉਮਰ ਫ਼ਾਰੂਕ ਦੇ ਕਾਲ) ਦੇ ਬਾਦ ਹਜ਼ਰਤ ਹਫ਼ਸਾ ਬਿੰਤ (ਪੁਤੱਰੀ) ਉਮਰ ਰਜ਼ੀ ਅਲੱਾਹੁ ਅਨਹੁ ਕੋਲ ਸਨ । ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦੇ ਖ਼ਿਲਾਫ਼ਤ ਕਾਲ ਵਿੱਚ ਕਿਰਾਅਤ (ਪਾਠ ਦੇ ਉਚੱਾਰਣ ਦੀ ਕਲਾ) ਵਿੱਚ ਮਤਿਭੇਦ ਦੇ ਸਬਬ ਆਪ ਨੇ ਹਜ਼ਰਤ ਹਫ਼ਸਾ ਰਜ਼ੀ ਅਲੱਾਹੁ ਅਨਹੁ ਤੋਂ ਉਹ ਲਿਖੱਤੀ ਨੁਸਖ਼ੇ ਮੰਗਵਾ ਕੇ ਹਜ਼ਰਤ

ਜ਼ੈਦ ਬਿਨ ਸਾਬਤ ਰਜ਼ੀ ਅਲੱਾਹੁ ਅਨਹੁ, ਹਜ਼ਰਤ ਅਬਦੁਲੱਾਹ ਬਿਨ ਜ਼ੁਬੈਰ ਰਜ਼ੀ ਅਲੱਾਹੁ ਅਨਹੁ, ਹਜ਼ਰਤ ਸਈਦ ਬਿਨ ਆਸ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਅਬਦੁਰ ਰਹਮਾਨ ਬਿਨ ਹਾਰਸ ਬਿਨ ਹਸ਼ੱਾਮ ਰਜ਼ੀ ਅਲੱਾਹੁ ਅਨਹੁ ਨੂੰ ਆਦੇਸ਼ ਦੇਕੇ ਕੁਰੈਸ਼ ਦੇ ਕੋਸ਼ ਅਨੁਸਾਰ ਇਹਨਾ ਲਿਖੱਤੀ ਨੁਸਖ਼ਿਆਂ ਦੀਆਂ ਕਾਪੀਆਂ ਤਿਆਰ ਕਰਵਾਈਆਂ ਅਤੇ ਉਹ ਨਕਲਾਂ ਇਸਲਾਮੀ ਦੇਸ਼ਾਂ ਨੂੰ ਭਿਜਵਾ ਦਿੱਤੀਆਂ ਗਈਆਂ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਪਵਿੱਤਰ ਆਇਤ 'ਸ-ਨੁਕਰਿਉਕਾ ਫ਼ਲਾ ਤਨਸਾ' (سَنُقۡرِئُكَ فَلَا تَنۡسٰى) ਦੀ ਵਿਆਖਿਆ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਇਸ ਆਇਤ ਦੇ ਅਰਥ ਇਹ ਹਨ ਕਿ ਅਸੀਂ ਤੁਹਾਨੂੰ ਉਹ ਕਲਾਮ ਸਿਖਾਵਾਂਗੇ ਜਿਸ ਨੂੰ ਤੁਸੀਂ ਕਯਾਮਤ (ਪਰਲੈ) ਤੱਕ ਨਹੀਂ ਭੁੱਲੋਗੇ ਸਗੋਂ ਇਹ ਕਲਾਮ ਇਸੇ ਪ੍ਰਕਾਰ ਸੁਰੱਖਿਅਤ ਰਹੇਗਾ ਜਿਵੇਂ ਇਸ ਸਮੇਂ ਹੈ । ਇਸ ਦਾਵੇ ਦਾ ਪ੍ਰਮਾਣ ਇਹ ਹੈ ਕਿ ਇਸਲਾਮ ਦੇ ਕਟੱਰ ਵੈਰੀ ਵੀ ਅੱਜ ਪ੍ਰਤਖ ਰੂਪ ਵਿੱਚ ਸਵੀਕਾਰ ਕਰਦੇ ਹਨ ਕਿ ਕੁਰਆਨ ਉਸੇ ਅਵਸਥਾ ਵਿੱਚ ਸੁਰੱਖਿਅਤ ਹੈ ਜਿਸ ਅਵਸਥਾ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਇਸ ਨੂੰ ਪੇਸ਼ ਕੀਤਾ ਸੀ । ਨੋਲਡਕੇ, ਸਪਰਿੰਗਰ ਅਤੇ ਵਿਲਿਯੱਮ ਮਿਓਰ ਸਾਰਿਆਂ ਨੇ ਸਵੀਕਾਰ ਕੀਤਾ ਹੈ ਕਿ ਸਿਵਾਏ ਕੁਰਆਨ ਕਰੀਮ ਦੇ ਕਿਸੇ ਹੋਰ ਕਿਤਾਬ ਬਾਰੇ ਇਹ ਨਹੀਂ ਕਿਹਾ ਜਾ ਸਕਦਾ ਕਿ ਜਿਸ ਅਵਸਥਾ ਵਿੱਚ ਬਾਨੀ ਇਸਲਾਮ ਨੇ ਉਹ ਕਿਤਾਬ ਪੇਸ਼ ਕੀਤੀ ਸੀ, ਉਸੇ ਅਵਸਥਾ ਵਿੱਚ ਉਹ ਦੁਨੀਆ ਦੇ ਸਾਹਮਣੇ ਮੌਜੂਦ ਹੈ ।

ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਲੋਕ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੂੰ 'ਜਾਮਿਉਲ ਕੁਰਆਨ' (ਕੁਰਆਨ ਇਕਠੱਾ ਕਰਨ ਵਾਲਾ) ਕਹਿੰਦੇ ਹਨ, ਇਹ ਗੱਲ ਗ਼ਲਤ ਹੈ । ਹਾਂ, 'ਸ਼ਾਇ ਕੁਨੰਦਾ ਕੁਰਆਨ' ਅਰਥਾਤ 'ਕੁਰਆਨ ਪ੍ਰਕਾਸ਼ਨ ਕਰਨ ਵਾਲਾ' ਜੇਕਰ ਆਖਣ ਤਾਂ ਕਿਸੇ ਹੱਦ ਤੱਕ ਠੀਕ ਹੈ । ਆਪ ਰਜ਼ੀ ਅਲੱਾਹੁ ਅਨਹੁ ਦੇ ਕਾਲ ਵਿੱਚ ਇਸਲਾਮ ਦੂਰ ਦੂਰ ਤੱਕ ਫੈਲ ਚੁਕੱਾ ਸੀ । ਇਸ ਲਈ ਆਪਨੇ ਕੁਝ ਨੁਸਖ਼ੇ ਨਕਲ ਕਰਾਕੇ ਮਕੱਾ, ਮਦੀਨਾ, ਸ਼ਾਮ, ਬਸਰਾ, ਕੂਫ਼ਾ ਤੇ ਬਲਾਦ ਭਿਜਵਾ ਦਿੱਤੇ ਸਨ । ਇਕਠੱਾ ਤਾਂ ਰੱਬ ਦੀ ਪਸੰਦ ਨਾਲ ਲੜੀਵਾਰ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਹੀ ਕਰ ਦਿਤੱਾ ਸੀ ਅਤੇ ਇਸੇ ਪਸੰਦੀਦਾ ਲੜੀਵਾਰਤਾ ਨਾਲ ਸਾਡੇ ਤੱਕ ਪਹੁੰਚਾਇਆ ਗਿਆ ਹੈ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦੇ ਕਾਲ ਵਿੱਚ ਮਦੀਂਨਿ ਦੇ ਲੰਮੇ ਸਮੇਂ ਤੱਕ ਰਾਜਧਾਨੀ ਰਹਿਣ ਕਰਕੇ ਸਾਰੀਆਂ ਕੌਮਾ ਇਕ ਹੋ ਗਈਆਂ ਸਨ । ਇਸ ਸਮੇਂ ਮਦੀਂਨਿ ਵਾਲੇ ਹਾਕਮ ਸਨ ਜਿੰਨ੍ਹਾ ਵਿੱਚ ਮੁਹਾਜਰਾਂ ਦਾ ਇਕ ਵਡੱਾ ਤਬਕਾ ਸੀ ਅਤੇ ਮਦੀਂਨਿ ਵਾਸੀ ਵੀ ਮਕੱਾ ਵਾਸੀਆਂ ਦੀ ਸੰਗਤ ਵਿੱਚ ਹਿਜਾਜ਼ੀ ਅਰਬੀ ਸਿੱਖ ਚੁੱਕੇ ਸਨ । ਕਿਉਂਕਿ ਹੁਕੂਮਤ ਇਹਨਾ ਕੋਲ ਸੀ ਅਤੇ ਹੋਰਨਾ ਖੇਤਰਾਂ ਦੇ ਲੋਕ ਮੁਹਾਜਰ ਤੇ ਅੰਸਾਰ ਕੋਲੋਂ ਦੀਨ (ਧਰਮ) ਦੀਆਂ ਗਲੱਾਂ ਸਿਖੱਦੇ ਸਨ, ਇਸ ਲਈ ਸਾਰੇ ਦੇਸ਼ ਦੀ ਵਿਦਿਅਕ ਭਾਸ਼ਾ ਇਕ ਹੁੰਦੀ ਜਾਂਦੀ ਸੀ। ਕੁਝ ਜੰਗਾ ਕਰਕੇ ਵੀ ਕਬੀਲਿਆਂ ਨੂੰ ਇਕੱਠਿਆਂ ਰਹਿਣ ਦਾ ਮੌਕਾ ਮਿਲਦਾ ਸੀ । ਸਹਾਬਾ ਦੀ ਸੰਗਤ ਵਿੱਚ ਉਹਨਾ ਦੀ ਨਕਲ ਦੀ ਸੁਭਾਵਕ ਚੇਤਨਾ ਵੀ ਇਕ ਰੂਪ ਪੈਦਾ ਕਰਦੀ ਸੀ । ਇਸ ਸਮੇਂ ਵਿਦਿਅਕ ਜ਼ੌਕ ਦੇ ਲੋਕ ਕੁਰਆਨ ਕਰੀਮ ਦੀ ਭਾਸ਼ਾ ਤੋਂ ਵੀ ਪੂਰਨਤਾ ਜਾਣੂ ਹੋ ਚੁੱਕੇ ਸਨ । ਇਸ ਕਰਕੇ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੇ ਹੁਕਮ ਦਿਤੱਾ ਕਿ ਭਵਿੱਖ ਵਿੱਚ ਕੇਵਲ ਹਿਜਾਜ਼ੀ ਕਿਰਾਅਤ ਪੜ੍ਹੀ ਜਾਵੇ । ਆਪ ਰਜ਼ੀ ਅਲੱਾਹੁ ਅਨਹੁ ਦੇ ਇਸ ਆਦੇਸ਼'ਤੇ ਸ਼ੀਯਾ ਲੋਕ ਇਤਰਾਜ਼ ਕਰਕੇ ਕਹਿੰਦੇ ਹਨ ਕਿ ਵਰਤਮਾਨ ਕੁਰਆਨ 'ਬਿਯਾਜ਼ੇ ਉਸਮਾਨੀ' (ਅਰਥਾਤ ਉਸਮਾਨ ਦਾ ਰਚਿਆ) ਹੈ ਜੱਦਕਿ ਇਹ ਇਤਰਾਜ਼ ਬਿਲਕੁਲ ਗ਼ਲਤ ਹੈ । ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦੇ ਕਾਲ ਤੱਕ ਅਰਬ ਵਾਸੀਆਂ ਦੇ ਮੇਲਜੋਲ ਨੂੰ ਲੰਮਾ ਸਮਾਂ ਲੰਘ ਚੁਕੱਾ ਸੀ ਉਹ ਇਕ ਦੂਜੇ ਦੀਆਂ ਭਾਸ਼ਾਵਾਂ ਦੇ ਅੰਤਰ ਨਾਲ ਪੂਰਨਤਾ ਜਾਣੂ ਹੋ ਚੁੱਕੇ ਸਨ । ਅਸਲ ਗੱਲ ਇਹ ਹੈ ਕਿ ਕੁਰਆਨ ਕਰੀਮ ਹਿਜਾਜ਼ੀ ਭਾਸ਼ਾ ਵਿੱਚ ਨਾਜ਼ਿਲ ਹੋਇਆ ਹੈ ਅਤੇ ਕਿਰਾਅਤਾਂ ਦਾ ਅੰਤਰ ਹੋਰਨਾ ਕਬੀਲਿਆਂ ਦੇ ਇਸਲਾਮ ਵਿੱਚ ਆਉਣ ਨਾਲ ਹੋਇਆ ਹੈ । ਕਈ ਵਾਰ ਇਕ ਕਬੀਲਾ ਆਪਣੀ ਬੋਲੀ ਕਰਕੇ ਦੂਜੇ ਕਬੀਲੇ ਦੀ ਬੋਲੀ ਨਾਲ ਅੰਤਰ ਰਖੱਦਾ ਸੀ ਅਤੇ ਇਸ ਪ੍ਰਕਾਰ ਕਈ ਸ਼ਬਦਾਂ ਦੇ ਅਰਥਾਂ ਵਿੱਚ ਅੰਤਰ ਪੈ ਜਾਂਦਾ ਸੀ । ਇਸ ਲਈ ਰਸੂਲੇ ਕਰੀਮ

ਸਲਲੱਾਹੁ ਅਲੈਹਿ ਵਸਲੱਮ ਨੇ ਰੱਬ ਦੀ ਇੱਛਿਆ ਅਨੁਸਾਰ ਕੁਝ ਮਤਿਭੇਦ ਰਖੱਣ ਵਾਲੇ ਸ਼ਬਦਾਂ ਦੇ ਉਚੱਾਰਣ ਬਦੱਲਣ ਜਾਂ ਹੋਰ ਸ਼ਬਦ ਰਖੱਣ ਦੀ ਆਗਿਆ ਦੇ ਦਿੱਤੀ ਸੀ । ਜੱਦ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦੇ ਕਾਲ ਵਿੱਚ ਸਮਾਜ ਅਤੇ ਹੁਕੂਮਤ ਰਾਹੀਂ ਕਬੀਲਿਆਂ ਦੀ ਅਵਸਥਾ ਨੇ ਇਕ ਕੌਮ ਤੇ ਇਕ ਭਾਸ਼ਾ ਨੇ ਲੈ ਲਈ ਅਤੇ ਸਾਰੇ ਲੋਕ ਹਿਜਾਜ਼ੀ ਭਾਸ਼ਾ ਤੋਂ ਪੂਰਨਤਾ ਜਾਣੂ ਹੋ ਗਏ ਤਾਂ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਨੇ ਸਮਝਿਆ ਕਿ ਹੁਣ ਕੁਰਆਨ ਕਰੀਮ ਦੀਆਂ ਕਿਰਾਅਤਾਂ ਨੂੰ ਕਾਇਮ (ਸਿਥਿਰ) ਰਖੱਣਾ ਮਤਿਭੇਦਾਂ ਨੂੰ ਸਿਥਿਰ ਰਖੱਣ ਦਾ ਸਬਬ ਬਣ ਜਾਏਗਾ । ਇਸ ਲਈ ਇਹਨਾ ਕਿਰਾਅਤਾਂ ਦੀ ਸਾਧਾਰਣ ਵਰਤੋਂ ਬੰਦ ਕਰ ਦੇਣੀ ਚਾਹੀਦੀ ਹੈ ।

ਹਜ਼ੂਰ ਅਨਵਰ ਨੇ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਦੇ ਜ਼ਿਕਰ ਦਾ ਭਵਿੱਖ ਵਿੱਚ ਜਾਰੀ ਰਖੱਣ ਦੇ ਫ਼ਰਮਾਨ ਮਗਰੋਂ ਪਾਕਿਸਤਾਨ ਅਤੇ ਅਲਜਜ਼ਾਇਰ ਦੇ ਅਹਮਦੀਆਂ ਲਈ ਦੁਆ ਦੀ ਤਹਿਰੀਕ ਕਰਦਿਆਂ ਹੋਇਆਂ ਫ਼ਰਮਾਇਆ ਕਿ ਦੁਆ ਕਰੋ ਕਿ ਅਲੱਾਹ ਤਆਲਾ ਇਹਨਾ ਮੁਸ਼ਕਲਾਂ ਨੂੰ ਦੂਰ ਕਰੇ । ਵਿਸ਼ੇਸ਼ ਰੂਪ ਵਿੱਚ ਪਾਕਿਸਤਾਨ ਵਿੱਚ ਕਾਨੂਨਾਂ ਕਰਕੇ ਵੱਖ ਵੱਖ ਸਮਿਆਂ ਵਿੱਚ ਅਹਮਦੀਆਂ ਲਈ ਔਕੁੜਾਂ ਖੜੀਆਂ ਕਰ ਦਿੱਤੀਆਂ ਜਾਂਦੀਆਂ ਹਨ ਅਤੇ ਕਿਸੇ ਵੀ ਅਵਸਥਾ ਵਿੱਚ ਹੁਣ ਅਜ਼ਾਦੀ ਨਹੀਂ ਰਹੀ ਹੈ । ਇਸੇ ਪ੍ਰਕਾਰ ਅਲਜਜ਼ਾਇਰ ਵਿਚ ਵੀ ਸਰਕਾਰੀ ਨੁਮਾਇੰਦੇ ਔਕੁੜਾਂ ਖੜੀਆਂ ਕਰਦੇ ਰਹਿੰਦੇ ਹਨ।

ਇਸ ਦੇ ਬਾਦ ਹਜ਼ੂਰ ਅਨਵਰ ਨੇ ਕੇਂਦਰੀ ਆਈ ਟੀ ਟੀਮ ਦੇ ਸਹਿਯੋਗ ਨਾਲ ਤਿਆਰ ਕੀਤੀ ਚੀਨੀ ਡੈਸਕ ਦੀ ਵੈਬਸਾਈਟ ਦੇ ਅਰੰਭ ਦਾ ਐਲਾਨ ਕਰਦਿਆਂ ਹੋਇਆਂ ਫ਼ਰਮਾਇਆ ਕਿ ਨਮਾਜ਼ ਜੁਮਏ ਦੇ ਬਾਦ ਮੈਂ ਇਹ ਵੈਬਸਾਈਟ ਲਾਂਚ ਕਰਾਂਗਾ । ਇਸ ਵੈਬਸਾਈਟ ਰਾਹੀਂ ਚੀਨੀ ਭਾਸ਼ਾ ਵਿੱਚ ਇਸਲਾਮ ਤੇ ਅਹਮਦੀਅਤ ਬਾਰੇ ਵਿਸਥਾਰ ਪੂਰਨ ਜਾਣਕਾਰੀ ਮਿਲ ਸਕੇਗੀ । ਰੱਬ ਕਰੇ ਕਿ ਇਹ ਵੈਬਸਾਈਟ ਚੀਨੀ ਲੋਕਾਂ ਲਈ ਸੁਮਾਰਗ ਦਾ ਸਬਬ ਹੋਵੇ ਅਤੇ ਇਸਲਾਮ ਤੇ ਅਹਮਦੀਅਤ ਲਈ ਉਹਨਾ ਦੇ ਦਿਲ ਖੁੱਲ ਜਾਣ ।

ਜੁਮਏ ਦੇ ਖ਼ੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਮੁਕਰੱਮ ਮੁਹਮੱਦ ਯੂਨੁਸ ਖ਼ਾਲਿਦ ਸਾਹਬ ਮੁਰੱਬੀ ਜਮਾਤ, ਮੁਕਰੱਮ ਡਾਕਟਰ ਨਿਜ਼ਾਮੁੱਦੀਨ ਬਦਨ ਸਾਹਬ ਆਇਵਰੀਕੋਸਟ, ਮੁਕਰੱਮਾ ਸਲਮਾ ਬੇਗ਼ਮ ਸਾਹਿਬਾ ਸੁਪੱਤਨੀ ਡਾਕਟਰ ਰਾਜਾ ਨਸੀਰ ਅਹਮਦ ਸਾਹਬ, ਮੁਕਰੱਮਾ ਕਿਸ਼ਵਰ ਤਨਵੀਰ ਅਸ਼ਰਫ਼ ਸਾਹਿਬਾ ਸੁਪੱਤਨੀ ਅਬਦੁਲ ਬਾਕੀ ਅਸ਼ਰਫ਼ ਸਾਹਬ ਚੇਅਰਮੈਨ ਅਲਸ਼ਿਰਕਾਤੁਲ ਇਸਲਾਮੀਆ ਯੂਕੇ, ਮੁਕਰੱਮ ਅਬਦੁਰ ਰਹਮਾਨ ਹੁਸੈਨ ਮੁਹਮੱਦ ਖ਼ੈਰ ਸਾਹਬ ਆਫ਼ ਸੁਡਾਨ ਦਾ ਜ਼ਿਕਰੇ ਖ਼ੈਰ ਕੀਤਾ ਅਤੇ ਜੁਮਏ ਦੀ ਨਮਾਜ਼ ਦੇ ਬਾਦ ਇਹਨਾ ਦੀ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਾਈ ।

اَلْحَمْدُلِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ
وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ. عِبَادَاللّٰہِ رحمکم اللّٰہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ
ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 02.04.2021**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131